Roll No. ........................ Total Pages : 4

# 5913/NK

**O–2/2110**

**ਪੰਜਾਬੀ ਨਾਟਕ–I**

Paper–1030 Opt. (i)

Semester—I

(Reg. & DE)

Time Allowed : 3 Hours] [Maximum Marks : 60

**ਨੋਟ:** ਪ੍ਰਸ਼ਨ ਪੱਤਰ ਦੇ ਤਿੰਨ ਭਾਗ ੳ, ਅ, ੲ ਹਨ। ਭਾਗ ੳ ਵਿਚ ਦੋ ਪ੍ਰਸ਼ਨ ਪੁੱਛੇ ਗਏ ਹਨ ਜਿਨ੍ਹਾਂ ਵਿਚੋਂ **ਇਕ** ਹੱਲ ਕਰਨਾ ਹੈ। ਪ੍ਰਸ਼ਨ ਦੇ 9 ਅੰਕ ਹਨ। ਭਾਗ ਅ ਦੇ ਚਾਰ ਭਾਗਾਂ ਵਿਚੋਂ ਦੋ-ਦੋ ਪ੍ਰਸ਼ਨ (ਕੁੱਲ ਅੱਠ) ਪ੍ਰਸ਼ਨ ਪੁੱਛੇ ਗਏ ਹਨ ਜਿਨ੍ਹਾਂ ਵਿਚੋਂ ਕੁੱਲ **ਤਿੰਨ** ਪ੍ਰਸ਼ਨ ਕਰਨੇ ਹਨ। ਪਰ ਇਨ੍ਹਾਂ ਚਾਰਾਂ ਉਪ-ਭਾਗਾਂ ਵਿਚੋਂ ਕਿਸੇ ਵੀ ਉਪ-ਭਾਗ ਵਿਚੋਂ ਦੋ ਪ੍ਰਸ਼ਨ ਹੱਲ ਨਹੀਂ ਕੀਤੇ ਜਾ ਸਕਦੇ। ਇਕ ਭਾਗ ਵਿਚੋਂ ਇਕੋ ਹੀ ਪ੍ਰਸ਼ਨ ਹੱਲ ਕਰਨਾ ਹੈ। ਹਰੇਕ ਪ੍ਰਸ਼ਨ ਦੇ 9 ਅੰਕ ਹਨ। ਭਾਗ ੲ ਵਿਚ ਸੰਖੇਪ ਉੱਤਰਾਂ ਵਾਲੇ 12 ਪ੍ਰਸ਼ਨ ਪੁੱਛੇ ਗਏ ਹਨ ਜਿਨ੍ਹਾਂ ਦਾ ਉੱਤਰ 5-6 ਸਤਰਾਂ ਵਿਚ ਦੇਣਾ ਹੈ। ਹਰ ਪ੍ਰਸ਼ਨ ਦੇ 2 ਅੰਕ ਹਨ।



### ਭਾਗ—ੳ

1. ਨਾਟਕ ਦੀ ਪਰਿਭਾਸ਼ਾ ਦਿੰਦੇ ਹੋਏ ਇਸ ਦੇ ਤੱਤਾਂ ਬਾਰੇ ਚਰਚਾ ਕਰੋ।
2. ਸਾਹਿਤ ਦੀ ਤਕਨੀਕ ਕੀ ਹੁੰਦੀ ਹੈ? ਨਾਟਕ ਦੀ ਤਕਨੀਕ ਬਾਰੇ ਵਿਸਤਾਰ ਨੋਟ ਲਿਖੋ।

### ਭਾਗ—ਅ-1

3. 'ਵਰ ਘਰ' ਨਾਟਕ ਦੀ ਵਾਰਤਾਲਾਪ ਦਾ ਵਿਸ਼ਲੇਸ਼ਣ ਕਰੋ।
4. 'ਵਰ ਘਰ' ਨਾਟਕ ਦੇ ਕਥਾਨਕ 'ਤੇ ਨੋਟ ਲਿਖੋ।

### ਭਾਗ—ਅ-2

5. 'ਬੇੜਾ ਬੰਧਿ ਨਾ ਸਕਿਓ' ਨਾਟਕ ਦੀ ਨਾਟਕ ਕਲਾ ਬਾਰੇ ਵਿਸਥਾਰ ਵਿਚ ਚਰਚਾ ਕਰੋ।
6. 'ਬੇੜਾ ਬੰਧਿ ਨਾ ਸਕਿਓ' ਨਾਟਕ ਦੇ ਪਾਤਰਾਂ ਨਾਲ ਜਾਣ-ਪਛਾਣ ਕਰਾਓ।

### ਭਾਗ—ਅ-3

7. 'ਲੋਹਾ ਕੁੱਟ' ਨਾਟਕ ਦਾ ਕਥਾ-ਵਸਤੂ ਕੀ ਹੈ?
8. 'ਲੋਹਾ ਕੁੱਟ' ਨਾਟਕ ਦੀਆਂ ਭਾਸ਼ਾਈ ਵਿਸ਼ੇਸ਼ਤਾਵਾਂ ਦੱਸੋ।

### ਭਾਗ—ਅ-4

9. 'ਸੁਹਾਗ' ਇਕਾਂਗੀ ਦੀ ਮੂਲ ਸਮੱਸਿਆ ਕੀ ਹੈ? ਵਿਸਥਾਰ ਵਿਚ ਦੱਸੋ।

10. 'ਲੱਤਾਂ ਦੇ ਭੂਤ' ਇਕਾਂਗੀ ਦੀ ਇਕਾਂਗੀ ਕਲਾ ਬਾਰੇ ਲਿਖੋ।

$4 \times 9 = 36$

### ਭਾਗ—ੲ

11. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

    1. ਵਾਰਤਾਲਾਪ ਉਸਾਰੀ ਦੀਆਂ ਵਿਧੀਆਂ ਲਿਖੋ।
    2. ਅਰਸਤੂ ਨੇ ਨਾਟਕ ਦੀ ਕੀ ਪਰਿਭਾਸ਼ਾ ਦਿੱਤੀ ਹੈ?
    3. ਨਾਟਕ ਦੀਆਂ ਪੰਜ ਸੰਚਾਰ ਜੁਗਤਾਂ ਲਿਖੋ।
    4. ਨੁੱਕੜ ਨਾਟਕ ਕੀ ਹੁੰਦਾ ਹੈ?
    5. ਨਾਟ ਰਚਨਾ ਦੇ ਪੰਜ ਜ਼ਰੂਰੀ ਨੁਕਤੇ ਕਿਹੜੇ ਹਨ?
    6. ਸੁਖਾਂਤ ਨਾਟਕ ਕੀ ਹੁੰਦਾ ਹੈ?
    7. ਸੰਤ ਸਿੰਘ ਸੇਖੋਂ ਦੇ ਪੰਜ ਨਾਟਕਾਂ ਦੇ ਨਾਂ ਲਿਖੋ।
    8. ਨਾਟ-ਧਾਰਾ ਪੁਸਤਕ ਵਿਚ ਕੁੱਲ ਕਿੰਨੇ ਇਕਾਂਗੀ ਹਨ ਅਤੇ ਇਸ ਦਾ ਸੰਪਾਦਕ ਕੌਣ ਹੈ?



    9. 'ਪਰਤ ਆਉਣ ਤੱਕ' ਇਕਾਂਗੀ ਦਾ ਕੇਂਦਰੀ ਨੁਕਤਾ ਕੀ ਹੈ?
    10. 'ਲੋਹਾ ਕੁੱਟ' ਨਾਟਕ ਦੇ ਸਿਰਲੇਖ ਦੀ ਸਾਰਥਿਕਤਾ ਦੱਸੋ।
    11. ਸੁਧਾਰਵਾਦੀ ਪ੍ਰਵਿਰਤੀ ਦੇ ਤਿੰਨ ਪੰਜਾਬੀ ਨਾਟਕਕਾਰਾਂ ਦੇ ਨਾਂ ਲਿਖੋ।
    12. ਨਾਟਕ ਇਕ ਮਿਸ਼ਰਤ ਕਲਾ ਹੈ। ਕਿਵੇਂ?

$12 \times 2 = 24$